ਵੱਲ,

ਪ੍ਰਿੰਸੀਪਲ,
ਸੰਤ ਬਾਬਾ ਸੇਵਾ ਸਿੰਘ ਜੀ ਖਾਲਸਾ ਮਾਡਲ ਸਕੂਲ,
ਜਿੰਦਵੜੀ (ਰੋਪੜ)

ਨੰ: 157 ਮਿਤੀ: 15/03/2019

ਵਿਸ਼ਾ:- **ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।**
ਹਵਾਲਾ:- **ਆਪ ਜੀ ਦਾ ਪੱਤਰ ਨੰਬਰ:363 ਮਿਤੀ 05-03-2019**

ਉਪਰੋਕਤ ਵਿਸ਼ੇ ਸਬੰਧੀ ਬਿਲਡਿੰਗ ਦਾ ਨਿਰੀਖਣ, ਸ੍ਰੀ ਗੁਰਵਿੰਦਰ ਸਿੰਘ (ਅਸਿਸਟੈਂਟ ਇੰਜੀਨੀਅਰ), ਉਸਾਰੀ ਉਪ ਮੰਡਲ ਜ ਤੇ ਮ ਸ਼ਾਖਾ, ਸ੍ਰੀ ਅਨੰਦਪੁਰ ਸਾਹਿਬ, ਵੱਲੋਂ ਮਿਤੀ 11-03-2019 ਨੂੰ ਕੀਤਾ ਗਿਆ ਅਤੇ ਇਸ ਬਿਲਡਿੰਗ ਨੂੰ ਸਾਲ 2018-19 ਵਾਸਤੇ ਸੇਫਟੀ ਸਰਟੀਫਿਕੇਟ ਜਾਰੀ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਜੂਨੀਅਰ ਇੰਜੀਨੀਅਰ ਦੀ ਸਿਫਾਰਸ਼ ਨੂੰ ਮੁੱਖ ਰੱਖਦੇ ਹੋਏ ਇਸ ਵਿਸ਼ੇ ਸਬੰਧੀ **ਸੰਤ ਬਾਬਾ ਸੇਵਾ ਸਿੰਘ ਜੀ ਖਾਲਸਾ ਮਾਡਲ ਸਕੂਲ ਜਿੰਦਵੜੀ (ਰੋਪੜ)** ਨੂੰ ਬਿਲਡਿੰਗ ਦਾ ਸੇਫਟੀ ਸਰਟੀਫਿਕੇਟ ਸਾਲ **2019-20** ( ਮਿਤੀ: 31.3.2020 ਤੱਕ) ਨੱਥੀ ਅਨੁਸਾਰ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ :-

1 ਇਸ ਸਕੂਲ ਦੀ ਬਿਲਡਿੰਗ ਦੀ ਰਿਪੇਅਰ ਹਰ ਸਾਲ ਕਰਵਾਈ ਜਾਵੇ।
2 ਇਸ ਸਕੂਲ ਦੀ ਬਿਲਡਿੰਗ ਦੀਆਂ ਛੱਤਾਂ ਉੱਤੇ ਅਤੇ ਆਲੇ-ਦੁਆਲੇ ਪਾਣੀ ਖੜਾ ਨਾ ਹੋਣ ਦਿੱਤਾ ਜਾਵੇ ।
3 ਜੇਕਰ ਬਿਲਡਿੰਗ ਦੀ ਕਿਸੇ ਜਗ੍ਹਾ ਤੇ ਤਰੇੜ ਆ ਜਾਂਦੀ ਹੈ, ਤਾਂ ਉਸ ਜਗ੍ਹਾ ਨੂੰ ਤੁਰੰਤ ਖਾਲੀ ਕਰਵਾ ਦਿੱਤਾ ਜਾਵੇ ਅਤੇ ਜਲਦੀ ਉਸ ਜਗ੍ਹਾ ਦੀ ਰਿਪੇਅਰ ਕਰਵਾਈ ਜਾਵੇ ।
4 ਬਿਲਡਿੰਗ ਦੀ ਹਰ ਪੱਖੋਂ ਸੇਫਟੀ ਦੀ ਸਾਰੀ ਜਿੰਮੇਵਾਰੀ ਆਪ ਦੀ ਸੰਸਥਾ ਦੀ ਹੋਵੇਗੀ। ਅੱਗ ਬੁਝਾਊ ਯੰਤਰ ਚਾਲੂ ਹਾਲਤ ਵਿੱਚ ਹੋਣੇ ਚਾਹੀਦੇ ਹਨ ।
5 ਇਸ ਸਕੂਲ ਦੀ ਬਿਲਡਿੰਗ ਵਿੱਚ ਕਿਸੇ ਕਿਸਮ ਦਾ ਵਾਧਾ ਕਰਨਾ ਹੋਵੇ ਤਾਂ ਇਸ ਨੂੰ ਆਰਕੀਟੈਕਟ ਤੋ ਪਹਿਲਾਂ ਪਾਸ ਕਰਵਾਇਆ ਜਾਵੇ।

ਨੱਥੀ/ 1

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ ਭ.ਤ.ਮ ਸਾਖਾ,
ਸ੍ਰੀ ਅਨੰਦਪੁਰ ਸਾਹਿਬ।